www.a2zSubjects.com

# PAPER-III
# PUNJABI

**Signature and Name of Invigilator**

1. (Signature) __________________________
   (Name) ____________________________
2. (Signature) __________________________
   (Name) ____________________________

OMR Sheet No. : ...............................................
(To be filled by the Candidate)

Roll No. | | | | | | | | |

(In figures as per admission card)

Roll No.________________________________
(In words)

**J A 0 2 4 1 7**

Time : 2 ½ hours] [Maximum Marks : **150**

Number of Pages in this Booklet : **16** Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
   (iv) The test booklet no. and OMR sheet no. should be same. In case of discrepancy in the number, the candidate should immediately report the matter to the invigilator for replacement of the test booklet / OMR Sheet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④
   where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet on conclusion of examination.
10. **Use only Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें ।
   (iv) प्रश्न पुस्तिका नं. और OMR पत्रक नं. समान होने चाहिए । यदि नंबर भिन्न हों, तो परीक्षार्थी प्रश्न-पुस्तिका / OMR पत्रक बदलने के लिए निरीक्षक को तुरंत सूचित करें ।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है :
   **उदाहरण** : ① ② ● ④
   जबकि (3) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका अपने साथ ले जा सकते हैं ।
10. **काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**



www.a2zSubjects.com

www.a2zSubjects.com

# PUNJABI
# ਪੰਜਾਬੀ
## Paper-III
## ਪ੍ਰਸ਼ਨ ਪੱਤਰ-III

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਝੱਤਰ (75)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।

**1.** ਚੌਮਸਕੀ ਦੇ ਭਾਸ਼ਾ ਸੰਕਲਪ ਹਨ :

(1) ਯੋਗਤਾ ਤੇ ਪਰਿਕਲਪਨਾ
(2) ਕਾਲਕ੍ਰਮਕ ਤੇ ਗਹਿਨ ਸੰਰਚਨਾ
(3) ਇਤਿਹਾਸਕ ਤੇ ਸਤਹੀ ਸੰਰਚਨਾ
(4) ਵਾਕੰਸ਼ ਤੇ ਰੂਪਾਂਤਰੀ ਨੇਮ

**2.** ਸ਼ੈਲੀ-ਵਿਗਿਆਨ ਦੇ ਸੰਕਲਪ ਧੁਨੀਗ੍ਰਾਮਕ ਪਰਾਹਣ ਦਾ ਸੰਬੰਧ ਕਿਸ ਨਾਲ ਹੈ :

(1) ਧੁਨੀ ਲੋਪਨ ਨਾਲ
(2) ਧੁਨੀ ਵਟਾਂਦਰੇ ਨਾਲ
(3) ਸ਼ਬਦ ਸਥਾਨ ਨਾਲ
(4) ਅੱਖਰ ਵਾਧੇ ਨਾਲ

**3.** ਅਕਾਲਕੀ ਕਿਰਿਆ ਦਾ ਸਬੰਧ ਹੈ :

(1) ਸ਼ਬਦਾਂ ਦੀ ਵਿਉਤਪਤੀ ਨਾਲ
(2) ਸ਼ਬਦਾਂ ਦੇ ਵਿਆਕਰਨਕ ਰੂਪਾਂਤਰ ਨਾਲ
(3) ਸ਼ਬਦਾਂ ਦੇ ਵਿਆਕਰਨਕ ਅਧਿਕਾਰ ਨਾਲ
(4) ਸ਼ਬਦਾਂ ਦੀ ਸਿਰਜਣ ਪ੍ਰਕਿਰਿਆ ਨਾਲ

**4.** ਧੁਨੀ ਵਿਉਂਤ ਦਾ ਹਿੱਸਾ ਨਹੀਂ :

(1) ਸੁਰ
(2) ਬਲ
(3) ਵਾਕ ਸੁਰ
(4) ਭਾਵਾਂਸ਼

**5.** ਗਲੌਟਲ ਵਿਅੰਜਨ ਧੁਨੀਆਂ ਦੇ ਉਚਾਰਨ ਦਾ ਸੰਬੰਧ ਨਹੀਂ ਹੈ :

(1) ਉਚਾਰਨ ਸਥਾਨ ਨਾਲ
(2) ਉਚਾਰਨ ਦੀ ਗਤੀਵਿਧੀ ਨਾਲ
(3) ਨੱਕ-ਪੋਲ ਨਾਲ
(4) ਸੁਰਯੰਤਰ ਨਾਲ

**6.** ਕਿਹੜਾ ਕਥਨ ਸਹੀ ਨਹੀਂ ਹੈ :

(1) 'ਕਰਿਓਲ' ਬੋਲਣ ਵਾਲਿਆਂ ਦੀ ਗਿਣਤੀ 'ਪਿਜਿਨ' ਨਾਲੋਂ ਵੱਧ ਹੁੰਦੀ ਹੈ ।
(2) ਮਾਂ-ਪਿਉ ਦੀ 'ਪਿਜਿਨ', ਉਨ੍ਹਾਂ ਦੇ ਬੱਚਿਆਂ ਦੀ 'ਕਰਿਓਲ' ਬਣ ਜਾਂਦੀ ਹੈ ।
(3) 'ਕਰਿਓਲ' ਕਿਸੇ ਸਮੇਂ ਮਾਤ-ਭਾਸ਼ਾ ਦਾ ਬਦਲ ਬਣ ਜਾਂਦੀ ਹੈ ।
(4) 'ਕਰਿਓਲ' ਅਣਮਿੱਥੇ ਸਮੇਂ ਦੀਆਂ ਸੰਚਾਰੀ ਲੋੜਾਂ ਦੀ ਪੂਰਤੀ ਕਰਦੀ ਹੈ ।



www.a2zSubjects.com

www.a2zSubjects.com

7. ਕਾਰਜ ਤੇ ਸੰਕਲਪ ਦਾ ਸਹੀ ਮੇਲਾਨ ਹੈ :

| **ਸੂਚੀ-I (ਕਾਰਜ)** | **ਸੂਚੀ-II (ਸੰਕਲਪ)** |
|---|---|
| I. ਸ਼ਬਦ ਦੀ ਥਾਂ ਇਕ ਚਿੰਨ੍ਹ ਲੇਖਣ | A. ਫੋਨੈਟਿਕ |
| II. ਧੁਨੀ ਦੀ ਥਾਂ ਇਕ ਚਿੰਨ੍ਹ ਲੇਖਣ | B. ਸਿਲੇਬਿਕ |
| III. ਸ਼ਬਦ ਦੀ ਥਾਂ ਇਕ ਧੁਨੀ ਲੇਖਣ | C. ਐਲਫ਼ਾ ਬੈਟਿਕ |
| IV. ਧੁਨੀ ਦੀ ਥਾਂ ਇਕ ਅੱਖਰ ਲੇਖਣ | D. ਲੌਂਗੋਗ੍ਰਾਫਿਕ |

| | I | II | III | IV |
|---|---|---|---|---|
| (1) | D | A | C | B |
| (2) | A | B | C | D |
| (3) | B | A | D | C |
| (4) | C | B | A | D |

8. **ਕਥਨ (A) :** ਕੈਕੇਈ (ਪ੍ਰਕ੍ਰਿਤ) ਦਾ ਰਿਸ਼ਤਾ ਪੰਜਾਬ ਤੇ ਪੰਜਾਬੀ ਨਾਲ ਹੀ ਸਿੱਧ ਹੁੰਦਾ ਹੈ । ਕੈਕੇਈ ਦਾ ਸਬੰਧ ਪ੍ਰਾਚੀਨ ਕੈਕੇਯ ਜਾਤੀ ਤੇ ਕੇਕਯ ਨਾਲ ਵੀ ਯਕੀਨੀ ਹੈ ।

**ਕਾਰਨ (R) :** ਕਿਉਂਕਿ ਸ਼ਬਦ ਬਣਤਰ ਦੇ ਪੱਖ ਤੋਂ ਕੇਕਯ, ਕੈਕੇਈ ਜਾਂ ਕੈਕੇਯ ਰੂਪ ਵਿਉਂਤਪੰਨ ਹੁੰਦੇ ਹਨ, ਜਿਵੇਂ ਸੂਰਸੇਨ ਤੋਂ ਸ਼ੌਰਸੇਨੀ, ਮਗਧ ਤੋਂ ਮਾਗਧੀ, ਪਿਸ਼ਾਚ ਤੋਂ ਪੈਸ਼ਾਚੀ ।

(1) (A) ਅਤੇ (R) ਦੋਵੇਂ ਆਂਸ਼ਕ ਗ਼ਲਤ ਹਨ । (2) (A) ਅਤੇ (R) ਦੋਵੇਂ ਸਹੀ ਹਨ ।
(3) (A) ਸਹੀ ਹੈ ਤੇ (R) ਆਂਸ਼ਕ ਸਹੀ ਹੈ । (4) (A) ਆਂਸ਼ਕ ਸਹੀ ਹੈ ਤੇ (R) ਸਹੀ ਹੈ ।

9. 'ਲੋਕਯਾਨ ਕੇਵਲ ਮੌਖਿਕ ਅਭਿਵਿਅਕਤੀ ਨਹੀਂ, ਇਸਦਾ ਸੰਚਾਰ ਲਿਖਿਤ ਰੂਪ ਵਿਚ, ਸਰੀਰਕ ਕ੍ਰਿਆਵਾਂ ਦੁਆਰਾ ਅਤੇ ਚਿਨ੍ਹਾਂ ਰਾਹੀਂ ਵੀ ਹੁੰਦਾ ਹੈ' ਕਿਸਦਾ ਕਥਨ ਹੈ :

(1) ਮਹਿੰਦਰ ਸਿੰਘ ਰੰਧਾਵਾ (2) ਕਰਨੈਲ ਸਿੰਘ ਥਿੰਦ
(3) ਵਣਜਾਰਾ ਬੇਦੀ (4) ਜੁਗਿੰਦਰ ਸਿੰਘ ਕੈਰੋਂ

10. ਲੋਕਗੀਤਾਂ ਵਿਚੋਂ ਧੁਨਾਂ, ਤਰਜ਼ਾਂ, ਤਾਲ ਤੇ ਬਹਿਰਾਂ ਲੈ ਕੇ ਕਵੀਆਂ ਵਲੋਂ ਸਿਰਜੇ ਗੀਤਾਂ ਨੂੰ ਲੋਕ ਸੰਗੀਤ ਦੀ ਕਿਸ ਧਾਰਾ ਹੇਠ ਰੱਖਿਆ ਜਾਂਦਾ ਹੈ :

(1) ਲੋਕ ਗਾਨ ਸ਼ੈਲੀਆਂ (2) ਲੋਕ ਛੰਦ ਪ੍ਰਬੰਧ
(3) ਲੋਕ ਰਾਗ ਪਰੰਪਰਾ (4) ਲੋਕ ਧੁਨੀਆਂ

11.

| **ਸੂਚੀ-I** | **ਸੂਚੀ-II** |
|---|---|
| I. ਛਿਕੌਲਾ | A. ਡੰਗਰਾਂ ਦੇ ਮੂੰਹ ਦਾ ਬੰਨ੍ਹਣ |
| II. ਛਿੱਕਲੀ | B. ਮੰਜਾ ਕੱਸਣ ਵਾਲੀ ਰੱਸੀ |
| III. ਧੁੜ | C. ਮਿੱਟੀ ਦਾ ਬਰਤਨ |
| IV. ਦੌਣ | D. ਚੱਕੀ ਦਾ ਇਕ ਹਿੱਸਾ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | B | C | A | D |
| (2) | A | D | B | C |
| (3) | C | D | B | A |
| (4) | C | A | D | B |



www.a2zSubjects.com

www.a2zSubjects.com

**12.** 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪੁਸਤਕ ਦਾ ਰਚੈਤਾ ਹੈ :

(1) ਨਾਹਰ ਸਿੰਘ
(2) ਕਿਰਪਾਲ ਕਜ਼ਾਕ
(3) ਗੁਰਮੀਤ ਸਿੰਘ
(4) ਦਵਿੰਦਰ ਸਤਿਆਰਥੀ

**13.** ਹੇਠ ਲਿਖਿਆਂ ਵਿਚੋਂ ਕਿਹੜਾ ਲੋਕ ਨ੍ਰਿਤ ਢੋਲ ਨਾਲ ਨੱਚਿਆ ਜਾਂਦਾ ਹੈ :

I. ਧਮਾਲ
II. ਘੂਮਰ
III. ਫੁੰਮਣੀਆਂ
IV. ਗਿੱਧਾ

ਉਪਰੋਕਤ ਦਾ ਸਹੀ ਜੁੱਟ ਹੈ :

(1) I ਅਤੇ III
(2) I ਅਤੇ IV
(3) II ਅਤੇ IV
(4) II ਅਤੇ III

**14.** **ਕਥਨ (A)** : ਪਰਵਾਸੀ ਪੰਜਾਬੀ ਬੰਦੇ ਨੂੰ ਮੇਜ਼ਬਾਨ ਮੁਲਕ / ਸਭਿਆਚਾਰ ਵਿਚ ਵਡੇਰੀ ਸ਼ਮੂਲੀਅਤ / ਸਪੇਸ ਲਈ ਸੁਚੇਤ ਉੱਦਮ ਕਰਨ ਦੇ ਨਾਲ ਨਾਲ ਲਗਾਤਾਰ ਅਜ਼ਮਾਇਸ਼ਾਂ ਵਿਚੋਂ ਵੀ ਗੁਜ਼ਰਨਾ ਪੈਂਦਾ ਹੈ ।

**ਕਾਰਨ (R)** : ਕਿਉਂਕਿ ਆਪਣੀ ਹੋਂਦ-ਹਸਤੀ ਦੀ ਸਥਾਪਤੀ ਲਈ ਬਹੁ-ਪੱਖੀ ਅਤੇ ਸਮਾਜਿਕ ਸ਼ਮੂਲੀਅਤ ਹਰੇਕ ਪਰਵਾਸੀ ਲਈ ਜ਼ਰੂਰੀ ਹੈ ।

(1) (A) ਗ਼ਲਤ ਹੈ (R) ਅਾਂਸ਼ਕ ਸਹੀ ਹੈ ।
(2) (A) ਅਾਂਸ਼ਕ ਸਹੀ ਹੈ (R) ਗ਼ਲਤ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਅਤੇ (R) ਦੋਵੇਂ ਗ਼ਲਤ ਹਨ ।

**15.** ਸੂਫ਼ੀਮਤ ਦੇ 'ਫਨਾਅ' ਦੇ ਸਿਧਾਂਤ ਦਾ ਨਿਰਮਾਤਾ ਹੈ :

(1) ਸ਼ਕੀਕ ਬਲਖੀ
(2) ਅਲ-ਹਸਨਲ-ਬਸਰੀ
(3) ਅਬੂ ਯਜ਼ੀਦ ਬਿਸਤਾਮੀ
(4) ਅਬੁਲ ਕਾਸਿਮ ਅਲਕਸ਼ੈਰੀ

**16.** 'ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ' ਦਾ ਕਰਤਾ ਹੈ :

(1) ਕੁਲਜੀਤ ਸ਼ੈਲੀ
(2) ਡਾ. ਸਾਧੂ ਰਾਮ ਸ਼ਾਰਦਾ
(3) ਗੁਰਦੇਵ ਸਿੰਘ
(4) ਹਰਜਿੰਦਰ ਸਿੰਘ ਢਿੱਲੋਂ

**17.** ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦੇ ਮੁਖ ਲੱਛਣ ਹਨ :

I. ਰਹੱਸ ਅਨੁਭਵ
II. ਸ਼ਰੀਅਤ ਦਾ ਵਿਰੋਧ
III. ਤੀਬਰ ਵਿਯੋਗ ਭਾਵਨਾ
IV. ਉਪਦੇਸ਼ ਪ੍ਰਧਾਨਤਾ

ਉਪਰੋਕਤ ਵਿਚੋਂ ਸਹੀ ਹੈ :

(1) I ਅਤੇ IV
(2) II ਅਤੇ III
(3) I ਅਤੇ III
(4) II ਅਤੇ IV



www.a2zSubjects.com

www.a2zSubjects.com

**18.** ਕਿਹੜਾ ਜੁੱਟ ਸਹੀ ਨਹੀਂ ਹੈ :

(1) ਸ਼ੇਖ਼ ਫ਼ਰੀਦ – ਚਿਸ਼ਤੀ

(2) ਸ਼ਾਹ ਹੁਸੈਨ – ਤਰੀਕਤ

(3) ਸੁਲਤਾਨ ਬਾਹੂ – ਸੀਹਰਫ਼ੀ

(4) ਬੁੱਲ੍ਹੇ ਸ਼ਾਹ – ਸ਼ਲੋਕ

**19.** ਬਾਬਾ ਫ਼ਰੀਦ ਬਾਰੇ ਲਿਖੀਆਂ ਪੁਸਤਕਾਂ ਦਾ ਜੁੱਟ ਹੈ :

| **ਸੂਚੀ-I** | **ਸੂਚੀ-II** |
|---|---|
| I. ਗੋਬਿੰਦ ਸਿੰਘ ਲਾਂਬਾ | A. ਸ਼ੇਖ਼ ਫ਼ਰੀਦ ਦਾ ਕਾਵਿ ਪ੍ਰਵਚਨ |
| II. ਕਾਲਾ ਸਿੰਘ ਬੇਦੀ | B. ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ੇਖ਼ ਫ਼ਰੀਦ ਦੀ ਭਾਲ |
| III. ਜਗਜੀਤ ਸਿੰਘ | C. ਫ਼ਰੀਦ ਤੇ ਫ਼ਰੀਦ ਬਾਣੀ |
| IV. ਪ੍ਰੀਤਮ ਸਿੰਘ | D. 'ਮਸਲੇ ਸ਼ੇਖ਼ ਫਰੀਦ' ਦਾ ਆਲੋਚਨਾਤਮਕ ਵਿਵੇਚਨ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | A | B | C | D |
| (2) | B | D | A | B |
| (3) | D | C | A | B |
| (4) | C | A | B | D |

**20.** ਬਾਬਾ ਫ਼ਰੀਦ ਦੇ ਸ਼ਲੋਕ ਵਿਚ 'ਰੁੱਖਾਂ ਦੀ ਜੀਰਾਂਦਿ' ਤੋਂ ਭਾਵ ਹੈ :

(1) ਬਰਦਾਸ਼ਤ ਤੇ ਸੁੱਖ

(2) ਵੱਡਾ ਜਿਗਰਾ ਤੇ ਨਿਰਪੱਖਤਾ

(3) ਵੱਡਾ ਜਿਗਰਾ ਤੇ ਸਹਿਣਸ਼ੀਲਤਾ

(4) ਬਰਦਾਸ਼ਤ ਤੇ ਨਿਰਲੇਖਤਾ

**21.** **ਕਥਨ (A) :** ਗ਼ੁਲਾਮ ਫ਼ਰੀਦ ਦੀ ਸ਼ਾਇਰੀ ਵਿਚ ਯਥਾਰਥ ਬੋਧ, ਸੁਹਜਮਈ ਭਾਸ਼ਾ ਅਤੇ ਸੂਫ਼ਆਨਾ ਤਸੱਵਰ ਇਕ ਦੂਜੇ ਵਿਚ ਰਲ ਮਿਲਕੇ ਚਲਦੇ ਹਨ । ਸਿੱਟੇ ਵਜੋਂ, ਤਸੱਵੁਫ਼ੀ ਉਚਾਈਆਂ ਅਤੇ ਡੂੰਘਾਈਆਂ ਉਸਦੀ ਸ਼ਾਇਰੀ ਨੂੰ ਕਲਾਸਕੀ ਅਜ਼ਮਤ ਬਖ਼ਸ਼ਦੀਆਂ ਹਨ ।

**ਕਾਰਨ (R) :** ਕਿਉਂਕਿ ਗ਼ੁਲਾਮ ਫ਼ਰੀਦ ਦੀ ਰਚਨਾ ਅਨੁਭਵ, ਕਲਾ ਅਤੇ ਦ੍ਰਿਸ਼ਟੀ ਦੇ ਨਜ਼ਰੀਏ ਤੋਂ ਪ੍ਰੌਢ ਗੁਣਾਂ ਦੀ ਧਾਰਨੀ ਹੈ ।

(1) (A) ਸਹੀ ਹੈ ਅਤੇ (R) ਗ਼ਲਤ ਹੈ ।

(2) (A) ਅਤੇ (R) ਦੋਵੇਂ ਗ਼ਲਤ ਹਨ ।

(3) (A) ਅਤੇ (R) ਦੋਵੇਂ ਸਹੀ ਹਨ ।

(4) (A) ਗ਼ਲਤ ਹੈ ਅਤੇ (R) ਸਹੀ ਹੈ ।

**22.** ਗੁਰਬਾਣੀ ਦੇ ਕਾਵਿ-ਸ਼ਾਸਤਰ ਦੇ ਆਧਾਰਮੂਲਕ ਤੱਤ ਹਨ :

(1) ਪਰਮਾਰਥ-ਚੇਤਨਾ, ਯਥਾਰਥਕਤਾ, ਸਚਿਆਰਤਾ, ਰਾਗਾਤਮਕਤਾ

(2) ਬ੍ਰਹਮਵਾਦੀ-ਪ੍ਰਬੰਧ, ਪ੍ਰਗੀਤਾਤਮਕਤਾ, ਇਹਲੌਕਿਕਤਾ, ਲੋਕਧਾਰਈਤੱਤ

(3) ਪਾਰਲੌਕਿਕ ਪ੍ਰਬੰਧ, ਅਦਿਸ ਨੇਮ-ਪ੍ਰਬੰਧ, ਸੰਗੀਤਾਤਮਕਤਾ, ਉਦਾਰ-ਚੇਤਨਾ

(4) ਪਰਮ-ਸੱਚ, ਸ਼ਾਂਤ ਰਸ, ਬ੍ਰਹਿਮੰਡੀ ਚੇਤਨਾ, ਆਤਮ ਮੁਖਤਾ

**23.** ਗੁਰਬਾਣੀ ਦੀ 'ਸੰਪ੍ਰਦਾਇਕ' ਵਿਆਖਿਆ ਪ੍ਰਣਾਲੀ ਦੇ ਵਿਦਵਾਨਾਂ ਦਾ ਜੁੱਟ ਹੈ :

(1) ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ

(2) ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਜੀ

(3) ਭਾਈ ਮਨੀ ਸਿੰਘ, ਗਿਆਨੀ ਬਦਨ ਸਿੰਘ

(4) ਭਾਈ ਗੁਰਦਾਸ ਜੀ, ਤਾਰਾ ਸਿੰਘ ਨਰੋਤਮ



www.a2zSubjects.com

www.a2zSubjects.com

**24.** 'ਸੁਖਮਨੀ' ਅਨੁਸਾਰ ਬ੍ਰਹਮ ਗਿਆਨੀ ਦੇ ਲੱਛਣ ਹਨ :

(1) ਦਰਸ-ਪਿਆਸ, ਨਿਰਮਲਤਾ, ਪਰਉਪਕਾਰਤਾ

(2) ਸਮਦ੍ਰਿਸ਼ਟੀ, ਧੀਰਜ, ਨਿਰਦੋਖਤਾ

(3) ਆਗਿਆਕਾਰੀ, ਸਮਦ੍ਰਿਸ਼ਟੀ, ਨਿਰਮਲਤਾ

(4) ਸਮਾਨਤਾ, ਸੇਵਕ, ਨਿਮਰਤਾ

**25.** ਗੁਰਮਤਿ ਵਿਸ਼ਵ-ਦ੍ਰਿਸ਼ਟੀ ਦੇ ਮੁੱਖ ਲੱਛਣ ਹਨ :

I. ਹੁਕਮ ਦੀ ਸਰਬ-ਵਿਆਪਕਤਾ

II. ਸਰਗੁਣ ਬ੍ਰਹਮ ਵਿਚ ਨਿਸ਼ਠਾ

III. ਬ੍ਰਹਿਮੰਡੀ ਵਿਧਾਨ ਵਿਚ ਵਿਸ਼ਵਾਸ਼

IV. ਅਵਤਾਰਵਾਦੀ ਚੇਤਨਾ

ਉਪਰੋਕਤ ਦਾ ਸਹੀ ਜੁੱਟ ਹੈ :

(1) II ਅਤੇ III (2) I ਅਤੇ III

(3) II ਅਤੇ IV (4) I ਅਤੇ II

**26.** 'ਨਾ ਕੋ ਮੇਰਾ ਦੁਸਮਨ ਰਹਿਆ ਨਾ ਹਮ ਕਿਸ ਕੇ ਬੈਰਾਈ ।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ।'

ਗੁਰਬਾਣੀ ਦੀ ਉਪਰੋਕਤ ਟੂਕ ਵਿਚ ਕਿਸ ਗੱਲ ਦਾ ਪ੍ਰਗਟਾਵਾ ਹੈ :

(1) ਆਤਮਕ ਤੇ ਬ੍ਰਹਿਮੰਡੀ ਵਿਧਾਨ (2) ਨਿਰਵੈਰਤਾ ਤੇ ਬ੍ਰਹਿਮੰਡੀ ਚੇਤਨਾ

(3) ਬ੍ਰਹਿਮੰਡੀ ਪਾਸਾਰ ਤੇ ਆਤਮਕ ਉਚਤਾ (4) ਆਤਮ ਚੇਤਨਾ ਤੇ ਰਹੱਸ

**27.**

| **ਸੂਚੀ-I** | **ਸੂਚੀ-II** |
|---|---|
| I. ਸਿਧ ਗੋਸਟਿ | A. ਗੁਰੂ ਅਮਰਦਾਸ ਜੀ |
| II. ਬਾਰਾਮਾਹ ਮਾਝ | B. ਗੁਰੂ ਨਾਨਕ ਦੇਵ ਜੀ |
| III. ਕਰਹਲੇ | C. ਗੁਰੂ ਅਰਜਨ ਦੇਵ ਜੀ |
| IV. ਵਾਰ ਸੂਹੀ | D. ਗੁਰੂ ਰਾਮਦਾਸ ਜੀ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | A | C | B | D |
| (2) | B | C | D | A |
| (3) | C | D | B | A |
| (4) | D | B | C | A |

**28.** 'ਗਰਭ ਵਾਸ ਮਹਿ ਕੁਲੁ ਨਹੀ ਜਾਤੀ ।
ਬ੍ਰਹਮ ਬਿੰਦੁ ਤੇ ਸਭ ਉਤਪਾਤੀ ।'

ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਦੇ ਰਚਨਾਕਾਰ ਹੈ :

(1) ਗੁਰੂ ਨਾਨਕ ਦੇਵ ਜੀ (2) ਭਗਤ ਕਬੀਰ ਜੀ

(3) ਗੁਰੂ ਅਰਜਨ ਦੇਵ ਜੀ (4) ਭਗਤ ਰਵਿਦਾਸ ਜੀ



www.a2zSubjects.com

www.a2zSubjects.com

**29.** **ਕਥਨ (A) :** ਗੁਰਮਤਿ ਵਿਚਾਰਧਾਰਾ ਅਨੁਸਾਰ ਗੁਰਬਾਣੀ ਦੇ ਆਦਰਸ਼ਾਂ ਦਾ ਜਿਸ ਵਿਅਕਤੀ ਵਿਚ ਆਰੋਪਣ ਹੁੰਦਾ ਹੈ, ਉਹ 'ਗੁਰਮੁਖ' ਹੈ ।

**ਕਾਰਨ (R) :** ਪਰ, ਭਾਈ ਮਨੀ ਸਿੰਘ ਨੇ ਗੁਰੂ ਦੇ ਆਦੇਸ਼ਾਂ ਤੇ ਆਦਰਸ਼ਾਂ ਨੂੰ ਪੂਰਨ ਰੂਪ ਵਿਚ ਨਿਭਾਉਣ ਵਾਲੇ ਮਨੁੱਖ ਲਈ ਗੁਰਮੁੱਖ ਤੋਂ ਅਗਾਂਹ 'ਗੁਰਮੁਖਤਮ' ਕਹਿਣ ਦਾ ਮਸ਼ਵਰਾ ਵੀ ਦਿੱਤਾ ਹੈ ।

(1) (A) ਅਤੇ (R) ਦੋਵੇਂ ਸਹੀ ਹਨ ।
(2) (A) ਸਹੀ ਹੈ ਅਤੇ (R) ਗ਼ਲਤ ਹੈ ।
(3) (A) ਅਤੇ (R) ਦੋਵੇਂ ਗ਼ਲਤ ਹਨ ।
(4) (A) ਗ਼ਲਤ ਹੈ ਅਤੇ (R) ਸਹੀ ਹੈ ।

**30.** ਕਿੱਸਾ ਰੂਪ ਨੂੰ ਦਵੈਯਾ ਛੰਦ ਵਿਚ ਲਿਖਣ ਵਾਲੇ ਕਿੱਸਾਕਾਰਾਂ ਦਾ ਸਹੀ ਜੁੱਟ ਹੈ :

I. ਦਮੋਦਰ
II. ਮੁਕਬਲ
III. ਬਿਹਬਲ
IV. ਚਿਰਾਗ਼ ਆਵਾਣ

(1) I ਅਤੇ II
(2) II ਅਤੇ III
(3) III ਅਤੇ I
(4) I ਅਤੇ IV

**31.** ਸੱਸੀ ਪੁੰਨੂੰ ਦਾ ਕਿੱਸਾ ਲਿਖਣ ਵਾਲੇ ਕਿੱਸਾ ਕਾਰਾਂ ਦਾ ਸਹੀ ਜੁੱਟ ਹੈ :

(1) ਰੁਕਨਦੀਨ, ਹਾਮਦ, ਸਦੀਕੀ ਲਾਲੀ
(2) ਕਾਦਰਯਾਰ, ਅਹਿਮਦ ਗੁੱਜਰ, ਮੁਕਬਲ
(3) ਆਡਤ, ਅਹਿਮਦਯਾਰ, ਬਿਹਬਲ
(4) ਅਬਦੁਲ ਹਕੀਮ, ਮੀਆਂ ਜਾਨ ਮੁਹੰਮਦ, ਮੀਆਂ ਇਮਾਮ ਬਖ਼ਸ਼

**32.** ਰਚਨਾ ਅਤੇ ਰਚਨਾਕਾਰ ਦਾ ਸਹੀ ਕ੍ਰਮ ਹੈ :

| ਸੂਚੀ-I | ਸੂਚੀ-II |
|---|---|
| I. ਜੰਗਨਾਮਾ ਹਜ਼ਰਤ ਅਲੀ | A. ਕਾਦਰਯਾਰ |
| II. ਜੰਗ ਸਿੰਘਾਂ ਤੇ ਪਠਾਣਾਂ | B. ਚੂਹੜ ਸਿੰਘ |
| III. ਜੰਗ ਸਾਰਾਗੜ੍ਹੀ | C. ਅਜ਼ੀਮ |
| IV. ਜੰਗ ਜਮਰੌਧ | D. ਨਿਧਾਨ ਸਿੰਘ ਆਲਮ |

| | I | II | III | IV |
|---|---|---|---|---|
| (1) | C | A | B | D |
| (2) | A | C | B | D |
| (3) | B | C | D | A |
| (4) | D | B | C | A |

**33.** 'ਪੰਜਾਬੀ ਜੰਗਨਾਮਾ-ਸਾਹਿਤ ਸੰਦਰਭ ਕੋਸ਼' ਦਾ ਕਰਤਾ ਹੈ :

(1) ਪ੍ਰੋ. ਗੁਲਵੰਤ ਸਿੰਘ
(2) ਪਿਆਰਾ ਸਿੰਘ ਪਦਮ
(3) ਡਾ. ਗੁਰਦੇਵ ਸਿੰਘ
(4) ਡਾ. ਗੰਡਾ ਸਿੰਘ

**34.** 'ਤੋਪਾਂ ਚੱਲੀਆਂ ਕਟਕ ਫਰੰਗੀਆਂ ਦੇ
ਗੋਲੇ ਤੋੜਦੇ ਮਾਸ ਤੇ ਹੱਡ ਮੀਆਂ ।'

ਉਪਰੋਕਤ ਕਾਵਿ-ਸਤਰਾਂ ਵਿਚ ਕਿਸ ਰਸ ਦੀ ਵਰਤੋ ਹੋਈ ਹੈ :

(1) ਵੀਭਤਸ
(2) ਰੌਦ੍ਰ
(3) ਭਿਆਨਕ
(4) ਕਰੁਣਾ



www.a2zSubjects.com

www.a2zSubjects.com

**35.** ਕਿਸ ਆਲੋਚਕ ਨੇ ਸ਼ਾਹ ਮੁਹੰਮਦ ਨੂੰ 'ਪੰਜਾਬ ਦਾ ਕੌਮੀ ਸ਼ਾਇਰ' ਕਿਹਾ ਹੈ :

(1) ਮੌਲਾ ਬਖ਼ਸ਼ ਕੁਸ਼ਤਾ
(2) ਅਬਦੁਲ ਗ਼ਫ਼ੂਰ ਕੁਰੈਸੀ
(3) ਡਾ. ਜੀਤ ਸਿੰਘ ਸੀਤਲ
(4) ਡਾ. ਮੋਹਨ ਸਿੰਘ ਦੀਵਾਨਾ

**36.** **ਕਥਨ (A) :** ਕੁਛ ਵਿਦਵਾਨਾਂ ਅਨੁਸਾਰ ਬੀਰ ਕਾਵਿ ਦੀ ਰਚਨਾ ਲਈ ਅਮਨ ਅਤੇ ਖੁਸ਼ਹਾਲੀ ਦਾ ਸਮਾਂ ਸਭ ਤੋਂ ਵਧੇਰੇ ਸਹਾਇਕ ਸਿੱਧ ਹੁੰਦਾ ਹੈ ।

**ਕਾਰਨ (R) :** ਕਿਉਂਕਿ ਯੁੱਧ ਸਮੇਂ ਰਾਸ਼ਟਰੀ ਭਾਵਨਾ ਅਤੇ ਦੇਸ਼ ਭਗਤੀ ਦੇ ਜਜ਼ਬੇ ਨੂੰ ਮੁੱਖ ਰੱਖ ਕੇ ਬੀਰ ਰਸੀ ਕਾਵਿ ਦੀ ਰਚਨਾ ਵਧੇਰੇ ਆਦਰਸ਼ਮਈ ਹੁੰਦੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਸਹੀ ਹੈ ਅਤੇ (R) ਗ਼ਲਤ ਹੈ ।
(2) (A) ਗ਼ਲਤ ਹੈ ਅਤੇ (R) ਸਹੀ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਅਤੇ (R) ਦੋਵੇਂ ਗ਼ਲਤ ਹਨ ।

**37.** ਜਨਮਸਾਖੀ ਨਾਲ ਮੇਲ ਖਾਂਦਾ ਰੂਪ ਹੈ :

(1) ਗੋਸ਼ਟੀ
(2) ਗੁਰਬਿਲਾਸ
(3) ਪਰਚੀ
(4) ਟੀਕਾ

**38.** ਰਹਿਤਨਾਮਾ ਲੇਖਕਾਂ ਦਾ ਸਹੀ ਜੁੱਟ ਹੈ :

(1) ਭਾਈ ਦਇਆ ਸਿੰਘ, ਭਾਈ ਸਾਹਿਬ ਸਿੰਘ, ਭਾਈ ਗੁਰਦਾਸ
(2) ਬਾਬਾ ਸੁਮੇਰ ਸਿੰਘ, ਦਰਬਾਰ ਸਿੰਘ, ਭਾਈ ਕਾਹਨ ਸਿੰਘ
(3) ਚੌਪਾ ਸਿੰਘ ਛਿੱਬਰ, ਭਾਈ ਦੇਸਾ ਸਿੰਘ, ਰਤਨ ਸਿੰਘ ਭੰਗੂ
(4) ਚੌਪਾ ਸਿੰਘ, ਪ੍ਰਹਿਲਾਦ ਸਿੰਘ, ਭਾਈ ਨੰਦ ਲਾਲ

**39.** ਗੁਰ-ਬਿਲਾਸ ਰੂਪ ਦੇ ਪ੍ਰਧਾਨ ਤੱਤ ਹਨ :

(1) ਇਤਿਹਾਸਕਤਾ, ਸਾਹਿਤਕਤਾ, ਅਲੌਕਿਕਤਾ
(2) ਕਾਵਿਕਤਾ, ਅਧਿਆਤਮਕਤਾ, ਪੌਰਾਣਿਕਤਾ
(3) ਆਤਮਮੁਖਤਾ, ਬਿਰਤਾਂਤਕਤਾ, ਅਵਤਾਰਵਾਦ
(4) ਅਸਚਰਜਤਾ, ਵਸਤੂਮੁਖਤਾ, ਚਮਤਕਾਰਤਾ

**40.** ਨਿਬੰਧ ਤੇ ਵਿਭਿੰਨ ਉਪ-ਰੂਪਾਂ ਦਾ ਸਹੀ ਵਰਗ ਹੈ :

(1) ਸੰਵਾਦ, ਰਿਪੋਰਤਾਜ, ਵਿਅੰਗੜੀ
(2) ਲਲਿਤ, ਖ਼ਤ, ਜਿਗਰਪਾਰਾ
(3) ਭੂਮਿਕਾ, ਟ੍ਰੈਕਟ, ਵਿਅੰਗ
(4) ਮੁਲਾਕਾਤ, ਇੰਟਰਵਿਊ, ਕਾਲਮ

**41.** ਆਧੁਨਿਕ ਪੰਜਾਬੀ ਵਾਰਤਕ ਵਿਚ ਅਨੁਵਾਦ-ਰਚਨਾਵਾਂ ਦਾ ਸਹੀ ਵਰਗ ਹੈ :

(1) ਕਲਾਧਾਰੀ ਤੇ ਕਲਾਧਾਰੀ ਪੂਜਾ, ਬੇਕਨ ਵਿਚਾਰ ਰਚਨਾਵਲੀ, ਸਾਰਕੁਤਾਵਲੀ
(2) ਅਬਚਲੀ ਜੋਤ, ਸੱਤ ਟਹਿਣੀਆਂ ਸੱਤਰ ਪੱਤੇ, ਪ੍ਰਕਾਸ਼ ਪੁਰਬ
(3) ਉੱਦਾਤ ਬਾਰੇ, ਮੇਰਾ ਦਾਗ਼ਿਸਤਾਨ, ਭਗਵਤ ਗੀਤਾ
(4) ਏਸ਼ੀਆ ਦਾ ਚਾਨਣ, ਸ੍ਰੇਸ਼ਟ ਗੋਸ਼ਟਾਂ, ਤਿੱਬੇ ਅਕਬਰੀ



www.a2zSubjects.com

www.a2zSubjects.com

42. ਸੂਚੀ-I ਸੂਚੀ-II

| ਸੂਚੀ-I | ਸੂਚੀ-II |
|---|---|
| I. ਬਰਜਿੰਦਰ ਸਿੰਘ ਹਮਦਰਦ | A. ਕਿਸ ਕਿਸ ਤਰ੍ਹਾਂ ਦੇ ਨਾਚ |
| II. ਕੁਲਬੀਰ ਸਿੰਗ ਕਾਂਗ | B. ਘਾਟ ਘਾਟ ਕਾ ਪਾਣੀ |
| III. ਨਰਿੰਦਰ ਸਿੰਘ ਕਪੂਰ | C. ਛੋਟੇ ਛੋਟੇ ਦਾਇਰੇ |
| IV. ਬਾਵਾ ਬਲਵੰਤ | D. ਸੋਗੀ ਸੰਗੀਤ ਦਾ ਜਾਦੂ |

| | I | II | III | IV |
|---|---|---|---|---|
| (1) | C | D | B | A |
| (2) | A | C | D | B |
| (3) | B | C | D | A |
| (4) | D | C | B | A |

43. **ਕਥਨ (A) :** ਪੰਜਾਬੀ ਸਵੈ-ਜੀਵਨੀ ਸਾਹਿਤ ਵਿਸ਼ੈ ਅਤੇ ਰੂਪ ਦੇ ਪੱਖੋਂ ਕਾਫ਼ੀ ਵਿਕਸਤ ਹੈ । ਪਰ ਇਸ ਵਿਚ ਦੇਸ਼ ਪਿਆਰ ਅਤੇ ਸੁਤੰਤਰਤਾ ਸੰਗਰਾਮ ਵਾਲੀਆਂ ਸਵੈ-ਜੀਵਨੀਆਂ ਜਾਂ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਏ ਵਾਲਿਆਂ ਦੀਆਂ ਸਵੈ-ਜੀਵਨੀਆਂ ਨੂੰ ਉਨੀ ਹੀ ਵਧੇਰੇ ਮਾਨਤਾ ਮਿਲੀ ਹੈ ।

**ਕਾਰਨ (R) :** ਇਨ੍ਹਾਂ ਰਚਨਾਵਾਂ ਦਾ ਸਾਹਿਤਕ ਪੱਖ ਵੀ ਖਾਸਾ ਮਹੱਤਵਪੂਰਨ ਹੈ, ਕਿਉਂਕਿ ਪੱਛਮੀ ਪ੍ਰਭਾਵ ਦੀ ਥਾਂ ਇਹ ਵਧੇਰੇ ਮੌਲਿਕ ਹਨ ।

ਉਪਰੋਕਤ ਵਿਚ ਕਿਹੜਾ ਸਹੀ ਹੈ :

(1) (A) ਅਤੇ (R) ਦੋਵੇਂ ਸਹੀ ਹਨ ।
(2) (A) ਸਹੀ ਹੈ ਅਤੇ (R) ਆਂਸ਼ਕ ਸਹੀ ਹੈ ।
(3) (A) ਅਤੇ (R) ਦੋਵੇਂ ਗ਼ਲਤ ਹਨ ।
(4) (A) ਗ਼ਲਤ ਹੈ ਅਤੇ (R) ਸਹੀ ਹੈ ।

44. 'ਸੰਪੂਰਨ ਪਿੰਗਲ ਅਤੇ ਅਰੂਜ਼' ਦਾ ਕਰਤਾ ਹੈ :

(1) ਜੋਗਿੰਦਰ ਸਿੰਘ
(2) ਐਸ. ਤਰਸੇਮ
(3) ਦੀਪਕ ਜੈਤੋਈ
(4) ਸੁਲੱਖਣ ਸਰਹੱਦੀ

45. ਮੁਕਤ ਕਾਵਿ ਲਿਖਣ ਵਾਲੇ ਕਵੀਆਂ ਦਾ ਸਹੀ ਜੁੱਟ ਹੈ :

(1) ਗੁਰਮੁਖ ਸਿੰਘ ਮੁਸਾਫ਼ਰ, ਦੀਵਾਨ ਸਿੰਘ ਕਾਲੇਪਾਣੀ, ਨੰਦ ਲਾਲ ਨੂਰਪੁਰੀ
(2) ਜਸਵੰਤ ਸਿੰਘ ਨੇਕੀ, ਤਾਰਾ ਸਿੰਘ, ਹਰਿੰਦਰ ਸਿੰਘ ਰੂਪ
(3) ਪੂਰਨ ਸਿੰਘ, ਪਾਸ਼, ਪ੍ਰਮਿੰਦਰਜੀਤ
(4) ਹਰਿਭਜਨ ਸਿੰਘ, ਹਰਨਾਮ, ਕਰਤਾਰ ਸਿੰਘ ਬਲੱਗਣ

46. 'ਲੂਣਾ' ਕਾਵਿ ਨਾਟਕ ਦੇ ਮੁਖ ਸਰੋਕਾਰ ਹਨ :

I. ਕਾਮੁਕਤਾ
II. ਪਰੰਪਰਕ ਦ੍ਰਿਸ਼ਟੀ
III. ਮਾਨਸਿਕਤਾ
IV. ਕਾਵਿ-ਤਰਕ

ਉਪਰੋਕਤ ਦਾ ਸਹੀ ਜੁੱਟ ਹੈ :

(1) III ਅਤੇ IV
(2) I ਅਤੇ III
(3) II ਅਤੇ IV
(4) I ਅਤੇ IV



www.a2zSubjects.com

www.a2zSubjects.com

**47.** ਪ੍ਰਗਤੀਵਾਦੀ ਕਾਵਿ-ਧਾਰਾ ਨਾਲ ਸੰਬੰਧਿਤ ਕਵੀਆਂ ਦਾ ਸਹੀ ਜੁੱਟ ਹੈ :

(1) ਪੂਰਨ ਸਿੰਘ, ਧਨੀਰਾਮ ਚਾਤ੍ਰਿਕ, ਮੋਹਨ ਸਿੰਘ

(2) ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਮੋਹਨ ਸਿੰਘ ਮੀਸ਼ਾ

(3) ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ

(4) ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਅਜਾਇਬ ਕਮਲ

**48.** ਪੰਜਾਬੀ ਕਾਵਿ ਸਮੀਖਿਆ ਦੀ ਮੁੱਖ ਸੀਮਾ ਹੈ :

(1) ਵਿਚਾਰਧਾਰਾ ਦੀ ਨਿਸ਼ਾਨਦੇਹੀ
(2) ਜੀਵਨ-ਮੂਲਕ ਸੰਦਰਭਾਂ ਦੀ ਪਹਿਚਾਣ
(3) ਰਚਨਾ-ਦ੍ਰਿਸ਼ਟੀ ਪ੍ਰਤਿ ਚੇਤਨਤਾ
(4) ਗਹਿਨ ਪਾਠ ਵਿਸ਼ਲੇਸ਼ਣ ਹੈ ।

**49.** 'ਸੰਤਾਪ ਨੂੰ ਗੀਤ ਬਣਾ ਲੈਣਾ,
ਮੇਰੀ ਮੁਕਤੀ ਦਾ ਇਕ ਰਾਹ ਤਾਂ ਹੈ ।
ਜੇ ਹੋਰ ਨਹੀਂ ਹੈ ਦਰ ਕੋਈ
ਇਹ ਲਫ਼ਜ਼ਾਂ ਦੀ ਦਰਗ਼ਾਹ ਤਾਂ ਹੈ ।'

ਉਪਰੋਕਤ ਕਾਵਿ-ਸਤਰਾਂ ਕਿਸ ਭਾਵ ਦੀਆਂ ਸੂਚਕ ਹਨ :

(1) ਵਿਦਰੋਹ ਤੇ ਵਿਰੇਚਨ
(2) ਪਰ-ਕੇਂਦ੍ਰਿਤ ਅਕਾਂਖਿਆ
(3) ਸ਼ਬਦ-ਸੁਹਜ ਅਤੇ ਵਿਰੇਚਨ
(4) ਸਮਾਜਕ ਚੇਤਨਾ ਦੇ ਪਾਸਾਰ

**50.** ਰਚਨਾਕਾਰ ਅਤੇ ਰਚਨਾ ਦਾ ਸਹੀ ਕ੍ਰਮ ਹੈ :

| **ਸੂਚੀ-I** | **ਸੂਚੀ-II** |
|---|---|
| I. ਦੀਵਾਨ ਸਿੰਘ ਕਾਲੇਪਾਣੀ | A. ਲਹੂ ਦੇ ਨਕਸ਼ |
| II. ਜਗਤਾਰ | B. ਲੋਹ ਕਥਾ |
| III. ਪਾਸ਼ | C. ਮਲ੍ਹਿਆਂ ਦੇ ਬੇਰ |
| IV. ਸੰਤ ਰਾਮ ਉਦਾਸੀ | D. ਲਹੂ ਭਿੱਜੇ ਬੋਲ |

| | I | II | III | IV |
|---|---|---|---|---|
| (1) | A | C | B | D |
| (2) | C | A | B | D |
| (3) | D | B | C | A |
| (4) | B | D | A | C |

**51.** **ਕਥਨ (A) :** ਸਿਰਜਨਾ ਵਿਚ ਬੁੱਧੀ ਦਾ ਦਖ਼ਲ ਵਧਦਾ ਚਲਾ ਗਿਆ ਹੈ, ਇਸੇ ਕਾਰਨ ਉਸਦੇ ਬੁਨਿਆਦੀ ਸੁਭਾਉ ਬਾਰੇ ਹੀ ਸੰਦੇਹ ਹੋਣ ਲਗ ਪਿਆ ਹੈ । ਅਜੋਕੀ ਕਾਵਿ-ਸਿਰਜਨਾ ਸੰਜੁਕਤੀ ਤੋਂ ਵਧੀਕ ਵਿਜੁਗਤੀ ਦੀ ਕਲਾ ਪ੍ਰਤੀਤ ਹੁੰਦੀ ਹੈ ।

**ਕਾਰਨ (R) :** ਇਸਦਾ ਕਾਰਨ ਇਹ ਹੈ ਕਿ ਵਿਗਿਆਨਕ ਯੁੱਗ ਦਾ ਕਵੀ ਵਧੇਰੇ ਤਾਰਕਿਕ, ਵਿਅਕਤੀਗਤ ਅਤੇ ਪਦਾਰਥਕ ਰੁਚੀਆਂ ਵਿਚ ਲਿਪਤ ਨਹੀਂ ਹੋ ਸਕਿਆ ।

(1) (A) ਗ਼ਲਤ ਹੈ ਅਤੇ (R) ਸਹੀ ਹੈ ।
(2) (A) ਆਂਸ਼ਿਕ ਸਹੀ ਅਤੇ (R) ਸਹੀ ਹੈ ।
(3) (A) ਅਤੇ (R) ਦੋਵੇਂ ਗ਼ਲਤ ਹਨ ।
(4) (A) ਸਹੀ ਹੈ ਅਤੇ (R) ਗ਼ਲਤ ਹੈ ।



www.a2zSubjects.com

www.a2zSubjects.com

**52.** 'ਕਹਾਣੀ-ਇਤਿਹਾਸ ਸਮੁੱਚੇ ਸਮਾਜਿਕ ਇਤਿਹਾਸ ਦੇ ਸੰਦਰਭ ਵਿਚ ਹੀ ਆਪਣੀ ਖੁਦ-ਮੁਖ਼ਤਿਆਰ ਹੋਂਦ ਰਖਦਾ ਹੈ ।' ਕਥਨ ਸੰਬੰਧਿਤ ਹੈ :

(1) ਗੁਰਮੁਖ ਸਿੰਘ ਜੀਤ (2) ਦਲੀਪ ਕੋਰ ਟਿਵਾਣਾ

(3) ਟੀ.ਆਰ. ਵਿਨੋਦ (4) ਗੁਰਲਾਲ ਸਿੰਘ

**53.** ਪੁਸਤਕ 'ਪੰਜਾਬੀ ਕਹਾਣੀ ਦਾ ਇਤਿਹਾਸ' ਦਾ ਰਚੈਤਾ ਹੈ :

(1) ਸਵਿੰਦਰ ਸਿੰਘ ਉੱਪਲ (2) ਗੁਰਮੁਖ ਸਿੰਘ ਜੀਤ

(3) ਜੋਗਿੰਦਰ ਸਿੰਘ ਰਾਹੀ (4) ਬਲਬੀਰ ਸਿੰਘ ਦਿਲ

**54.** ਸਮਕਾਲੀ ਪੰਜਾਬੀ ਨਾਵਲ ਦਾ ਪ੍ਰਧਾਨ ਲੱਛਣ ਹੈ :

(1) ਉਪਭੋਗੀ ਅਤੇ ਦੇਹਵਾਦੀ ਵਿਚਾਰਾਂ ਦੀ ਪੇਸ਼ਕਾਰੀ

(2) ਨਿਗੂਣੇ ਅਤੇ ਨਿਮਾਣੇ ਨਾਇਕ ਦੀ ਸਿਰਜਣਾ

(3) ਲੋਕ-ਨਾਇਕਾਂ ਦੇ ਜੀਵਨ ਸੰਦਰਭ ਦੀ ਪੁਨਰ-ਪੇਸ਼ਕਾਰੀ

(4) ਔਰਤਾਂ ਤੇ ਦਲਿਤ ਪਾਤਰਾਂ ਦੀ ਸਕਾਰਾਤਮਕ ਪੇਸ਼ਕਾਰੀ

**55.** ਪੰਜਾਬੀ ਕਹਾਣੀ ਆਲੋਚਨਾ ਨਾਲ ਸੰਬੰਧਤ ਵਰਗ ਹੈ :

(1) ਗੁਰਮੁਖ ਸਿੰਘ ਜੀਤ, ਜੋਗਿੰਦਰ ਸਿੰਘ ਰਾਹੀ, ਕਰਮਜੀਤ ਸਿੰਘ

(2) ਦਲਜੀਤ ਸਿੰਘ, ਟੀ.ਆਰ. ਵਿਨੋਦ, ਸਵਿੰਦਰ ਸਿੰਘ ਉੱਪਲ

(3) ਬਲਬੀਰ ਸਿੰਘ ਦਿਲ, ਗੁਰਚਰਨ ਸਿੰਘ, ਅਤਰ ਸਿੰਘ

(4) ਦਲੀਪ ਕੌਰ ਦਿਵਾਣਾ, ਹਰਚਰਨ ਸਿੰਘ ਸੋਬਤੀ, ਕਿਸ਼ਨ ਸਿੰਘ

**56.** ਲੇਖਕ, ਨਾਵਲ ਅਤੇ ਪਾਤਰ ਦਾ ਸਹੀ ਵਰਗ ਹੈ :

(1) ਗੁਰਦਿਆਲ ਸਿੰਘ, ਅਣਹੋਏ, ਜਗਸੀਰ

(2) ਕਲੀਪ ਕੌਰ ਟਿਵਾਣਾ, ਏਹੁ ਹਮਾਰਾ ਜੀਵਣਾ, ਨਰਾਇਣਾ

(3) ਰਾਮ ਸਰੂਪ ਅਣਖੀ, ਕੋਠੇ ਖੜਕ ਸਿੰਘ, ਪਰਤਾਪੀ

(4) ਹਰਜੀਤ ਅਟਵਾਲ, ਸਵਾਰੀ, ਕਿਰਨ

**57.** ਸਮਕਾਲੀ ਪਰਵਾਸੀ ਪੰਜਾਬੀ ਨਾਵਲ ਦੀ ਪ੍ਰਮੁੱਖ ਪ੍ਰਵਿਰਤੀ ਹੈ :

(1) ਇਤਿਹਾਸ ਅਤੇ ਸਮੂਹਿਕ ਯਾਦ ਰਾਹੀਂ ਪੰਜਾਬੀ ਪਛਾਣ ਦੀ ਨਿਰਮਾਣਕਾਰੀ ।

(2) ਅਤੀਤ ਤੇ ਪੁਨਰ-ਸਿਰਜਣ ਦਾ ਬਿਰਤਾਂਤ

(3) ਇਤਿਹਾਸ ਅਤੇ ਮਾਤ-ਭੂਮੀ ਪ੍ਰਤਿ ਹੇਰਵਾ

(4) ਪਰਵਾਸ ਅਤੇ ਮੂਲਵਾਸ ਵਿਚ ਸਮਾਨਤਾਂ



www.a2zSubjects.com

www.a2zSubjects.com

**58.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| I. ਨੌਰੰਗ ਸਿੰਘ | A. ਪ੍ਰਗਤੀਵਾਦ |
| II. ਬੂਟਾ ਸਿੰਘ | B. ਉੱਚ-ਸੁਰੀ ਬਿਰਤਾਂਤ |
| III. ਸੰਤੋਖ ਸਿੰਘ ਧੀਰ | C. ਯਥਾਰਥਵਾਦੀ |
| IV. ਅਜੀਤ ਕੌਰ | D. ਮਹਾਂ ਨਗਰੀ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | A | C | B | D |
| (2) | C | A | D | B |
| (3) | B | D | C | A |
| (4) | C | D | A | B |

**59.** **ਕਥਨ (A) :** ਨਾਵਲੀ ਪਾਠ ਅਜਿਹਾ ਗਲਪੀ ਸੰਸਾਰ ਸਿਰਜਦਾ ਹੈ, ਜੋ ਸੱਚਾ ਸੰਸਾਰ ਨਾ ਹੁੰਦਿਆਂ ਵੀ ਅਸਲੀ ਪ੍ਰਤੀਤ ਹੁੰਦਾ ਹੈ । ਇਸ ਕਰਕੇ ਨਾਵਲੀ ਪਾਠ ਸਿੰਘ ਯਥਾਰਥ ਤੇ ਗਲਪ ਦਾ ਨਿਰੰਤਰ ਤਣਾਓ ਵਿਦਮਾਨ ਰਹਿੰਦਾ ਹੈ ।

**ਕਾਰਨ (R) :** ਇਹ ਇਸ ਕਰਕੇ ਵੀ ਵਾਪਰਦਾ ਹੈ ਕਿ ਨਾਵਲੀ ਬਿਰਤਾਂਤ ਦਾ ਮਕਸਦ ਯਥਾਰਥ ਚਿਤਰਨ ਨਾਲੋਂ ਕੇਵਲ ਤਣਾਓ ਦੀ ਸਿਰਜਣਾ ਕਰਨਾ ਹੁੰਦਾ ਹੈ ।

(1) (A) ਅਤੇ (R) ਦੋਵੇਂ ਸਹੀ ਹਨ । (2) (A) ਗ਼ਲਤ ਹੈ ਅਤੇ (R) ਸਹੀ ਹੈ ।
(3) (A) ਸਹੀ ਹੈ ਅਤੇ (R) ਗ਼ਲਤ ਹੈ । (4) (A) ਅਤੇ (R) ਦੋਵੇਂ ਗ਼ਲਤ ਹਨ ।

**60.** ਗੁਰਚਰਨ ਸਿੰਘ ਜਾਸੂਜਾ ਰਚਿਤ ਨਾਟਕਾਂ ਦਾ ਸਹੀ ਵਰਗ ਹੈ :

(1) ਲੁਕ ਛਿਪ ਜਾਣਾ, ਲੰਮੇ ਸਮੇਂ ਦਾ ਨਾਟਕ, ਗਊਮੁਖਾ ਸ਼ੇਰਮੁਖਾ
(2) ਇਕ ਹੀਰੋ ਦੀ ਤਲਾਸ਼, ਮੱਕੜੀ ਦਾ ਜਾਲ, ਰਚਨਾ ਰਾਮ ਬਣਾਈ
(3) ਚੜ੍ਹਿਆ ਸੋਧਣ ਧਰਤ ਲੋਕਾਈ, ਜੰਗਲ, ਜਿਗਰਾ
(4) ਵਗਦੇ ਪਾਈ, ਇਕ ਹੀਰੋ ਦੀ ਤਲਾਸ਼, ਮਸੀਹਾ

**61.** ਹੇਠ ਲਿਖਿਆਂ ਵਿੱਚ ਸੰਗੀਤ ਨਾਟਕ ਦੇ ਸਹੀ ਜੁੱਟ ਹਨ :

I. ਅਮਰ ਪੰਜਾਬ, ਲੱਕੜ ਦੀ ਲੱਤ
II. ਹੀਰ ਰਾਂਝਾ, ਚੌਂਕ ਨਾਟਕ
III. ਵਾਦੀ ਦੀ ਗੂੰਜ, ਮੁੰਦਰੀ ਛੱਲ
IV. ਜੁਗਨੀ, ਧਰਤੀ ਦੇ ਬੋਲ

(1) II ਅਤੇ III (2) I ਅਤੇ III
(3) I ਅਤੇ IV (4) II ਅਤੇ III

**62.** ਨਾਟਕ 'ਮਿੱਤਰ ਪਿਆਰਾ' ਕਿਸ ਸ਼ਖਸੀਅਤ ਦੇ ਜੀਵਨ ਉੱਤੇ ਆਧਾਰਿਤ ਹੈ :

(1) ਕਾਰਲ ਮਾਰਕਸ (2) ਲੈਨਿਨ
(3) ਸਟਾਲਿਨ (4) ਦਸਤੋਵਸਕੀ



www.a2zSubjects.com

www.a2zSubjects.com

**63.** ਪੰਜਾਬ ਵਿਚ ਪ੍ਰਚਲਿਤ ਰੰਗ-ਮੰਚਾਂ ਦਾ ਸਹੀ ਵਰਗ ਹੈ :

I. ਸਿਖਿਆ ਸੰਸਥਾਵਾਂ ਦਾ ਥੀਏਟਰ, ਯੁਵਕ ਮੇਲਿਆਂ ਦਾ ਥੀਏਟਰ

II. ਸ਼ੌਕੀਆ ਨਾਟ-ਮੰਡਲੀਆਂ ਦਾ ਥੀਏਟਰ, ਪਰਵਾਸੀ ਥੀਏਟਰ

III. ਯੁਵਕ ਮੇਲਿਆਂ ਦਾ ਥੀਏਟਰ, ਪੇਸ਼ਾਵਰ ਥੀਏਟਰ

IV. ਸ਼ੌਕੀਆ ਨਾਟ-ਮੰਡਲੀਆਂ ਦਾ ਥੀਏਟਰ, ਪ੍ਰਤੀਬੱਧ ਨਾਟ-ਕਰਮੀਆਂ ਦਾ ਥੀਏਟਰ

(1) I ਅਤੇ III (2) II ਅਤੇ IV

(3) I ਅਤੇ IV (4) II ਅਤੇ III

**64.** ਪਾਰਸੀ ਥੀਏਟਰ ਕੰਪਨੀਆਂ ਦੇ ਪੰਜਾਬ ਵਿਚ ਮੁਢਲੇ ਕੇਂਦਰ ਹਨ :

(1) ਅੰਮ੍ਰਿਤਸਰ ਅਤੇ ਲਾਹੌਰ (2) ਮੁਲਤਾਨ ਅਤੇ ਅੰਮ੍ਰਿਤਸਰ

(3) ਲਾਹੌਰ ਅਤੇ ਜਲੰਧਰ (4) ਲਾਹੌਰ ਅਤੇ ਕਸੂਰ

**65.** 'ਪੰਜਾਬੀ ਨਾਟਕ ਅਤੇ ਰੰਗਮੰਚ' ਪੁਸਤਕ ਦਾ ਰਚਨਾਕਾਰ ਹੈ :

(1) ਹਰਚਰਨ ਸਿੰਘ (2) ਕਮਲੇਸ਼ ਉੱਪਲ

(3) ਨਵਨਿੰਦਰਾ ਬਹਿਲ (4) ਕੇਵਲ ਧਾਲੀਵਾਲ

**66.** ਰਚਨਾ ਅਤੇ ਰਚਨਾਕਾਰ ਦਾ ਸਹੀ ਮਿਲਾਨ ਹੈ ?

| **ਸੂਚੀ-I** | **ਸੂਚੀ-II** |
|---|---|
| I. ਪੰਜਾਬੀ ਨਾਟ-ਚਿੰਤਨ | A. ਸੁਰਜੀਤ ਸਿੰਘ ਸੇਠੀ |
| II. ਰੰਗਮੰਚ ਅਤੇ ਟੈਲੀ ਵਿਯਨ ਨਾਟਕ | B. ਗੁਰਦਿਆਲ ਸਿੰਗ ਫੁੱਲ |
| III. ਸਿਰਜਨਾਤਮਕ ਨਾਟਕ ਨਿਰਦੇਸ਼ਨ | C. ਸਤੀਸ਼ ਕੁਮਾਰ ਵਰਮਾ |
| IV. ਨਾਟਕ ਸਿਧਾਂਤ ਆਲੋਚਨਾ ਤੇ ਰੰਗਮੰਚ | D. ਨਵਨਿੰਦਰਾ ਬਹਿਲ |

| | I | II | III | IV |
|---|---|---|---|---|
| (1) | B | C | A | D |
| (2) | C | D | A | B |
| (3) | A | C | B | D |
| (4) | D | A | C | B |

**67.** **ਕਥਨ (A) :** ਤ੍ਰਾਸਦੀ ਕਿਸੇ ਅਜਿਹੇ ਕਾਰਜ ਦਾ ਅਨੁਕਰਨ ਹੁੰਦੀ ਹੈ, ਜੋ ਗੰਭੀਰ, ਸੰਪੂਰਨ ਤੇ ਕੁਝ ਵਿਸ਼ਾਲਤਾ ਵਾਲਾ ਹੋਵੇ । ਇਸ ਦੀ ਭਾਸ਼ਾ ਨਾਟਕ ਦੇ ਵੱਖ-ਵੱਖ ਅੰਗਾਂ ਲਈ ਢੁੱਕਵੀਆਂ ਵਿਭਿੰਨ ਕਲਾ-ਜੁਗਤਾਂ ਨਾਲ ਸੰਪੰਨ ਹੁੰਦੀ ਹੈ ।

**ਕਾਰਨ (R) :** ਇਹ ਬਿਆਨ ਰਾਹੀਂ ਨਹੀਂ, ਸਗੋਂ ਕਾਰਜ ਰਾਹੀਂ ਪੇਸ਼ ਹੁੰਦੀ ਹੈ ਅਤੇ ਕਰੁਣਾ ਤੇ ਭੈਅ ਦੀਆਂ ਭਾਵਨਾਵਾਂ ਜਾਗ੍ਰਿਤ ਕਰਾ ਕੇ ਇਨ੍ਹਾਂ ਦਾ ਵਿਰੇਚਨ ਕਰਦੀ ਹੈ ।

(1) (A) ਸਹੀ ਹੈ ਅਤੇ (R) ਗ਼ਲਤ ਹੈ ।

(2) (A) ਸਹੀ ਹੈ ਅਤੇ (R) ਆਂਸ਼ਿਕ ਸਹੀ ਹੈ ।

(3) (A) ਆਂਸ਼ਿਕ ਸਹੀ ਹੈ ਅਤੇ (R) ਸਹੀ ਹੈ ।

(4) (A) ਅਤੇ (R) ਦੋਵੇਂ ਸਹੀ ਹੈ ।



www.a2zSubjects.com

www.a2zSubjects.com

**68.** ਇਕੋ ਧਾਰਾ ਨਾਲ ਸੰਬੰਧਤ ਆਲੋਚਕਾਂ ਦਾ ਸਹੀ ਵਰਗ ਹੈ :

(1) ਪ੍ਰੇਮ ਪ੍ਰਕਾਸ਼ ਸਿੰਘ, ਦੀਵਾਨ ਸਿੰਘ, ਰੋਸ਼ਨ ਨਾਲ ਆਹੂਜਾ

(2) ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਹਰਜੀਤ ਗਿੱਲ

(3) ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ, ਰਵਿੰਦਰ ਸਿੰਘ ਰਵੀ

(4) ਅਤਰ ਸਿੰਘ, ਸੁਰਿੰਦਰ ਸਿੰਘ ਕੋਹਲੀ, ਤੇਜਵੰਤ ਸਿੰਘ ਗਿੱਲ

**69.** ਪੁਸਤਕ ਅਤੇ ਲੇਖਕ ਦਾ ਕਿਹੜਾ ਜੁੱਟ ਸਹੀ ਹੈ

(1) ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ ਦਾ ਮੁਹਾਂਦਰਾ

(2) ਹਰਿਭਜਨ ਸਿੰਘ, ਪੰਜਾਬੀ ਨਾਵਲ

(3) ਕਿਸ਼ਨ ਸਿੰਘ, ਨਾਵਲ ਚੇਤਨਾ

(4) ਸੁਤਿੰਦਰ ਸਿੰਘ ਨੂਰ, ਨਾਵਲ ਦੀ ਬਣਤਰ

**70.** ਪੱਛਮੀ ਆਲੋਚਨਾ ਪ੍ਰਣਾਲੀ ਦੇ ਚਿੰਤਕ ਤੇ ਸੰਕਲਪ ਦਾ ਸਹੀ ਜੁੱਟ ਹੈ :

(1) ਅਨੁਰੂਪਤਾ, ਲੂਸੀਅਨ ਗੋਲਡਮਾਨ
(2) ਸੰਵਾਦਕਤਾ, ਮਿਖਾਇਲ ਬਾਖ਼ਤੀਨ
(3) ਸਮਰੂਪਤਾ, ਡੇਕਾਰਤੇ
(4) ਵਿਰੋਧਾਭਾਸੀ, ਕਲੀਨਥ ਬ੍ਰੂਕਸ

**71.** ਪੰਜਾਬੀ ਅਧਿਐਨ ਵਿਚ ਕਾਵਿ-ਸ਼ਾਸਤਰ ਸੰਬੰਧੀ ਵਿਦਵਾਨਾਂ ਦਾ ਸਹੀ ਵਰਗ ਹੈ :

(1) ਪ੍ਰੇਮ ਪ੍ਰਕਾਸ਼ ਸਿੰਘ, ਰਤਨ ਸਿੰਘ ਜੱਗੀ, ਮਹਿੰਦਰ ਕੌਰ ਗਿੱਲ

(2) ਪ੍ਰਿੰ. ਜੁਗਿੰਦਰ ਸਿੰਘ, ਤਰਲੋਕ ਸਿੰਘ ਕੰਵਰ, ਭਾਈ ਕਾਨ੍ਹ ਸਿੰਘ ਨਾਭਾ

(3) ਰਵਿੰਦਰ ਸਿੰਘ ਰਵੀ, ਦੀਪਕ ਜੈਤੋਈ, ਠਾਕੁਰ ਭਾਰਤੀ

(4) ਸਾਧੂ ਸਿੰਘ ਹਮਦਰਦ, ਸੁਤਿੰਦਰ ਸਿੰਘ ਨੂਰ, ਤਖ਼ਤ ਸਿੰਘ

**72.** ਸਾਹਿਤ ਅਧਿਐਨ ਵਿਧੀ ਅਤੇ ਵਿਦਵਾਨ ਦਾ ਸਹੀ ਮੇਲਾਨ ਹੈ :

| ਸੂਚੀ-I | ਸੂਚੀ-II |
|---|---|
| I. ਮਾਰਕਸਵਾਦੀ | A. ਪ੍ਰੇਮ ਪ੍ਰਕਾਸ਼ ਸਿੰਘ |
| II. ਰੂਪਵਾਦੀ ਸੰਰਚਨਾਵਾਦੀ | B. ਰਵਿੰਦਰ ਸਿੰਘ ਰਵੀ |
| III. ਚਿਹਨ-ਵਿਗਿਆਨਕ | C. ਹਰਿਭਜਨ ਸਿੰਘ |
| IV. ਆਕਾਦਮਿਕ ਆਲੋਚਨਾ | D. ਹਰਜੀਤ ਗਿੱਲ |

| | I | II | III | IV |
|---|---|---|---|---|
| (1) | B | C | D | A |
| (2) | C | B | A | D |
| (3) | D | C | B | A |
| (4) | A | D | C | B |



www.a2zSubjects.com

www.a2zSubjects.com

ਗੁਰਮਤਿ ਤੇ ਮਾਰਕਸਵਾਦੀ ਦੋਵੇਂ ਦ੍ਰਿਸ਼ਟੀਆਂ ਦਿਸਦੇ ਪ੍ਰਪੰਚ (phenomenon) ਦੇ ਉਹਲੇ ਲੁਕੇ ਸੱਚ ਪ੍ਰਤੀ ਰੁਚਿਤ ਹਨ । ਜਿੱਥੇ ਗੁਰਮਤਿ ਵਿਅਕਤੀ ਨੂੰ ਅਪਣੇ ਅਤੇ ਹੋਰਨਾਂ ਅੰਦਰ ਲੁਕੀ ਜੋਤ ਨੂੰ ਪ੍ਰਤੱਖ ਪਛਾਣਨ ਲਈ ਪ੍ਰੇਰਦੀ ਹੈ, ਓਥੇ ਮਾਰਕਸਵਾਦੀ ਵਿਅਕਤੀ ਦੇ ਉਹਲੇ ਲੁਕੇ ਉਸਦੇ ਸ਼੍ਰੇਣੀ-ਚਰਿਤਰ ਉਪਰ ਬਲ ਦੇਂਦੀ ਹੈ । ਦੋਹਾਂ ਦੀ ਹੀ ਮੂਲ ਸੰਥਾਪਨਾ ਹੈ ਜੋ ਦਿਸਦਾ ਹੈ ਉਸਦੇ ਪਿਛੇ ਕੁਝ ਹੋਰ ਹੈ । ਵਸਤੂ ਦਾ 'ਸਤਿ' ਵਸਤੂ ਦੇ ਪਿੱਛੇ ਲੁਕਿਆ ਪਿਆ ਹੈ । ਦੋਹਾਂ ਦ੍ਰਿਸ਼ਟੀਆਂ ਦੇ ਧਾਰਨੀ ਕੁਝ ਵਿਅਕਤੀ ਸਾਹਿਤ-ਰਚਨਾ ਵੀ ਕਰਦੇ ਰਹੇ ਹਨ, ਪਰ ਉਨ੍ਹਾਂ ਨੇ ਅਪਣੀ ਦ੍ਰਿਸ਼ਟੀ ਦੀ ਸਵੱਛਤਾ ਲਈ ਆਪੋ ਅਪਣੇ ਸਾਹਿਤ ਦੇ ਵਿਸ਼ੇਸ਼ ਨਾਮ ਰੱਖੇ ਹੋਏ ਹਨ । ਗੁਰਮਤਿਵਾਦੀ ਦ੍ਰਿਸ਼ਟੀ ਖਾਲੀ ਰਚਿਆ ਸਾਹਿਤ 'ਬਾਣੀ', 'ਸਾਖੀ' ਆਦਿ ਹੈ । ਮਾਰਕਸਵਾਦੀ ਦ੍ਰਿਸ਼ਟੀ ਖਾਲੀ ਰਚਿਆ ਸਾਹਿਤ 'ਪ੍ਰਗਤੀਵਾਦੀ' ਹੈ । ਕਿਉਂਕਿ ਇਨ੍ਹਾਂ ਦੋਹਾਂ ਤਰ੍ਹਾਂ ਦੀ ਸਾਹਿਤ-ਰਚਨਾ ਵਿਚ ਆਧਾਰ ਤੱਤ ਇਨ੍ਹਾਂ ਦੀ ਆਪੋ ਅਪਣੀ ਦ੍ਰਿਸ਼ਟੀ ਹੈ, ਇਸ ਲਈ ਇਨ੍ਹਾਂ ਦੀ ਵਿਹਾਰਕ ਆਲੋਚਨਾ ਦ੍ਰਿਸ਼ਟੀ-ਕਸਵੱਟੀ ਦੇ ਆਧਾਰ ਤੇ ਹੀ ਉਚਿਤ ਹੈ । ਇਨ੍ਹਾਂ ਸਾਹਿਤਾਂ ਦੀਆਂ ਆਪੋ ਆਪਣੀਆਂ ਰੂੜ੍ਹੀਆਂ ਹਨ ਜੋ ਇਨ੍ਹਾਂ ਦੀ ਪਛਾਣ ਨਿਸ਼ਚਿਤ ਕਰਦੀਆਂ ਹਨ ।

ਪੈਰਾ ਪੜ੍ਹਕੇ ਪ੍ਰਸ਼ਨ ਨੰ : **73** ਤੋਂ **75** ਤੱਕ ਦੇ ਉੱਤਰ ਲਿਖੋ :

**73.** ਗੁਰਮਤਿ ਅਤੇ ਮਾਰਕਸਵਾਦ ਦੋਹਾਂ ਮਹਾਂ-ਦ੍ਰਿਸ਼ਟੀਆਂ ਵਿਚ ਸਾਂਝਾ ਤੱਤ ਹੈ :

(1) ਮਨੁੱਖੀ ਕਲਿਆਣ ਅਤੇ ਸਮਾਜਿਕ-ਆਰਥਿਕ ਬਰਾਬਰੀ ਦਾ ਸੰਦੇਸ਼ ਦੇਣਾ ।

(2) ਕਿਸੇ ਵੀ ਵਰਤਾਰੇ ਦੇ ਓਹਲੇ ਲੁਕੇ ਸੱਚ ਪ੍ਰਤਿ ਰੁਚਿਤ ਹੋਣਾ ।

(3) ਮਾਨਵ ਮੁਕਤੀ ਅਤੇ ਸੱਚਾ-ਸੱਚਾ ਜੀਵਨ ਬਤੀਤ ਕਰਨ ਲਈ ਪ੍ਰੇਰਣਾ ।

(4) ਲੋਕ-ਪਰਲੋਕ ਅਤੇ ਵਿਅਕਤੀ ਤੇ ਸਮੂਹ ਦੀ ਸਮਾਜਿਕ ਸਥਿਤੀ ਨੂੰ ਸੁਧਾਰਨਾ ।

**74.** ਦੋਹਾਂ ਮਹਾਂ-ਦ੍ਰਿਸ਼ਟੀਆਂ ਰਾਹੀਂ ਸੰਤੁਲਿਤ ਵਿਵਹਾਰਕ ਸਮੀਖਿਆ ਕਿਉਂ ਨਹੀਂ ਹੋ ਸਕਦੀ :

(1) ਦੋਵੇਂ ਦਿਸਦੇ ਸੱਚ ਨੂੰ ਅਣਗੌਲਿਆਂ ਕਰਕੇ ਲੁਕੇ ਸੱਚ ਉਪਰ ਬਲ ਦਿੰਦੇ ਹਨ

(2) ਦੋਹਾਂ ਤਰਾਂ ਦੇ ਵਿਸ਼ਲੇਸ਼ਣਾਂ ਦਾ ਆਧਾਰ ਆਪੋ-ਆਪਣੀ ਦ੍ਰਿਸ਼ਟੀ ਬਣ ਜਾਂਦੀ ਹੈ

(3) ਇਕ ਧਾਰਮਿਕ ਨਜ਼ਰੀਆ ਰਖਦਾ ਹੈ ਅਤੇ ਦੂਜਾ ਸਮਾਜਿਕ

(4) ਇਕ ਆਦਰਸ਼ਵਾਦੀ ਹੈ ਅਤੇ ਦੂਜਾ ਪ੍ਰਗਤੀਵਾਦੀ

**75.** ਦੋਹਾਂ ਮਹਾਂ-ਦ੍ਰਿਸ਼ਟੀਆਂ ਦੇ ਵਿਰੋਧ ਮੂਲਕ ਪੱਖ ਹਨ :

(1) ਇਹਲੌਕਿਕਤਾ – ਪਾਰਲੌਕਿਕਤਾ ਤੇ ਸਮਾਜਿਕ ਸੋਸ਼ਣ – ਆਤਮਿਕ ਸ਼ੁੱਧੀ

(2) ਦਿਸਦਾ ਵਰਤਾਰਾ – ਲੁਪਤ ਨੇਮ ਤੇ ਪਦਾਰਥ – ਵਿਚਾਰਵਾਦ

(3) ਵਿਅਕਤੀ – ਸਮੂਹ ਤੇ ਮਾਨਵ ਕਲਿਆਣ – ਮੁਕਤੀ

(4) ਸ਼੍ਰੇਣੀ ਚਰਿੱਤਰ – ਲੁਕੀ ਜੋਤ ਤੇ ਯਥਾਰਥ – ਪਰਮਾਰਥ



www.a2zSubjects.com

www.a2zSubjects.com

**Space For Rough Work**



www.a2zSubjects.com